# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssaproc@gmail.com

## ਜਨਤਕ ਸੂਚਨਾ

ਹਰ ਆਮ ਅਤੇ ਖ਼ਾਸ ਨੂੰ ਜਾਣਕਾਰੀ ਹਿੱਤ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਵਿੱਚ ਕਾਰਜਸ਼ੀਲ ਸਰਵ ਸਿੱਖਿਆ ਅਭਿਆਨ,ਰਾਸ਼ਟਰੀਆ ਸਿੱਖਿਆ ਅਭਿਆਨ, ਮਿਡ-ਡੇ-ਮੀਲ, ਐਜੂਸੈਟ ਅਤੇ ਆਈ ਸੀ ਟੀ ਆਦਿ ਸ਼ਾਖ਼ਾਵਾਂ ਵੱਲੋਂ ਦਫ਼ਤਰੀ ਕੰਮ-ਕਾਜ ਕਰਦੇ ਸਮੇ ਲੋੜੀਂਦੇ ਦਸਤਾਵੇਜ਼ਾਂ ਦੀਆਂ ਫ਼ੋਟੋਕਾਪੀਆਂ ਕਰਵਾਈਆਂ ਜਾਂਦੀਆਂ ਹਨ।ਸਬੰਧਤ ਫ਼ਰਮਾਂ ਜਾਂ ਅਦਾਰੇ ਆਪਣੀਆਂ ਤਜਵੀਜ਼ਾਂ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ 'ਤੇ ਇਸ ਦਫ਼ਤਰ ਨੂੰ ਭੇਜ ਸਕਦੀਆਂ ਹਨ:

- ਇਹ ਦਫ਼ਤਰ ਹਫ਼ਤੇ ਦੇ ਸੱਤ ਦਿਨ ਖੁੱਲ੍ਹਾ ਰਹੇਗਾ ਅਤੇ ਸਬੰਧਤ ਫ਼ਰਮ ਨੂੰ ਆਪਣੀ ਸੇਵਾ ਸਾਰੇ ਦਿਨਾਂ ਅਤੇ ਹਰ ਸਮੇਂ ਜਾਰੀ ਰੱਖਣੀ ਹੋਵੇਗੀ।
- ਇਸ ਦਫ਼ਤਰ ਵੱਲੋਂ ਲੱਗ-ਭੱਗ ਰੋਜ਼ਾਨਾ 750 ਤੋਂ ਉੱਪਰ ਕਾਪੀਆਂ ਦੀ ਫ਼ੋਟੋਕਾਪੀ ਕਰਵਾਉਣ ਦੀ ਲੋੜ ਹੈ ਅਤੇ ਇਹ ਗਿਣਤੀ ਇਸ ਤੋਂ ਘੱਟ ਵੱਧ ਵੀ ਹੋ ਸਕਦੀ ਹੈ।
- ਸਬੰਧਤ ਫ਼ਰਮਾਂ ਵੱਲੋਂ ਘੱਟੋ-ਘੱਟ 2 ਮਸ਼ੀਨਾਂ ਅਤੇ ਦੋ ਓਪਰੇਟਰ ਮੁਹੱਈਆ ਕਰਵਾਉਣੇ ਹੋਣਗੇ ਜੋ ਹਰ ਰੋਜ਼ ਘੱਟੋ-ਘੱਟ ਸਵੇਰ 7 ਵਜ਼ੇ ਤੋਂ ਸ਼ਾਮ 8 ਵਜੇ ਤੱਕ ਇਸ ਦਫ਼ਤਰ ਵਿੱਚ ਹਾਜਰ ਰਹਿਣਗੇ।
- ਮਸ਼ੀਨਾਂ ਦਾ ਰੱਖ-ਰਖਾਅ ਜਾਂ ਹੋਰ ਖ਼ਰਚੇ ਸਬੰਧਤ ਫ਼ਰਮ ਵੱਲੋਂ ਕੀਤੇ ਜਾਣਗੇ।
- ਰੇਟ ਤਜਵੀਜ਼ ਕਰਦੇ ਸਮੇਂ ਫ਼ਰਮ ਵੱਲੋਂ ਪ੍ਰਤੀ ਪੇਜ਼ ਰੇਟ ਤਜਵੀਜ਼ ਕੀਤਾ ਜਾਵੇਗਾ।
- ਫ਼ੋਟੋਕਾਪੀ ਦਾ ਪ੍ਰਿੰਟ ਅਤੇ ਕਾਗ਼ਜ਼ ਦੀ ਗੁਣਵੱਤਾ ਅਹਿਮ ਹੋਏਗੀ।
- ਰੇਟ ਤਜਵੀਜ਼ਾਂ ਸੀਲਬੰਦ ਲਿਫ਼ਾਫ਼ੇ ਵਿੱਚ ਹਰ ਹਾਲਤ ਵਿੱਚ ਇਸ ਦਫ਼ਤਰ ਦੇ ਪਤੇ 'ਤੇ ਨਿੱਜੀ ਤੌਰ 'ਤੇ, ਜਾਂ ਡਾਕ ਰਾਹੀਂ 15 ਸਤੰਬਰ 2010 ਸ਼ਾਮ 5.00 ਵਜੇ ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ।
- ਦੇਰ ਨਾਲ ਪ੍ਰਾਪਤ ਹੋਈਆਂ ਤਜਵੀਜ਼ਾਂ ਬਿਨਾ ਕਾਰਨ ਦੱਸੇ ਰੱਦ ਕਰ ਦਿੱਤੀਆਂ ਜਾਣਗੀਆਂ।

-ਚਲਦਾ-

- ਵਧੇਰੇ ਜਾਣਕਾਰੀ ਲਈ ਉਕਤ ਦਫ਼ਤਰੀ ਪਤੇ 'ਤੇ ਸੰਪਰਕ ਜਾਂ ਇਸ ਦਫ਼ਤਰ ਦੀ ਵੈਬ-ਸਾਈਟ 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।ਇੱਥੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਕਿਸੇ ਵੀ ਅਖ਼ਬਾਰੀ ਇਸ਼ਤਿਹਾਰ ਰਾਹੀਂ ਸੂਚਿਤ ਨਹੀਂ ਕੀਤਾ ਜਾਵੇਗਾ।

**ਨੋਟ:** ਵਧੇਰੇ ਜਾਣਕਾਰੀ ਲਈ ਸ਼੍ਰੀ ਸੰਜੀਵ ਕੁਮਾਰ ਨਾਲ ਮੋਬਾਈਲ ਨੰ:9478200140 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸਟੇਟ ਪ੍ਰਾਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਿਟੀ,**
**ਪੰਜਾਬ,ਚੰਡੀਗੜ੍ਹ।**